ਨੰਬਰ 7050-54/1/ਐਸ.ਟੀ.ਪੀ (ਡ) ਮਿਤੀ 28/11/2018

ਵੱਲੋ,

ਨਿਗਰਾਨ ਇੰਜੀਨੀਅਰ
ਪਟਿਆਲਾ ਸਰਕਲ ਆਈ.ਬੀ,
ਪਟਿਆਲਾ।

ਵੱਲ,

ਚੇਅਰਮੈਨ ਸਾਹਿਬ,
ਪ੍ਰਦੂਸ਼ਣ ਕੰਟਰੋਲ ਬੋਰਡ ਪੰਜਾਬ,
ਪਟਿਆਲਾ।

ਵਿਸਾਂ:- ਬਰਨਾਲਾ ਰਜਵਾਹੇ ਵਿੱਚ ਠੀਕਰੀਵਾਲਾ ਚੌਂਕ ਬਰਨਾਲਾ ਤੋਂ ਲੈ ਕੇ ਤਰਕਸ਼ੀਲ ਚੌਂਕ ਬਰਨਾਲਾ ਤੱਕ ਦਾ ਸੀਵਰੇਜ਼ ਦਾ ਪੈ ਰਿਹਾ ਗੰਦਾ ਪਾਣੀ ਰੋਕਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਕਾਰਜਕਾਰੀ ਇੰਜੀਨੀਅਰ, ਸੰਗਰੂਰ ਮੰਡਲ ਆਈ.ਬੀ.ਸੰਗਰੂਰ ਵੱਲੋ ਪੱਤਰ ਨੰਬਰ 1046-47/92-ਡ ਮਿਤੀ 05/10/2018 (ਕਾਪੀ ਨੱਥੀ) ਰਾਹੀਂ ਰਿਪੋਰਟ ਕੀਤੀ ਗਈ ਹੈ ਕਿ ਵਾਟਰ ਸਪਲਾਈ ਅਤੇ ਸੀਵਰੇਜ਼ ਮੰਡਲ ਸੰਗਰੂਰ ਵੱਲੋ ਬਰਨਾਲਾ ਰਜਵਾਹੇ ਵਿੱਚ ਬੁਰਜੀ 118000 ਤੋ 124000 ਦੇ ਦਰਮਿਆਨ ਸੀਵਰੇਜ਼ ਦਾ ਗੰਦਾ ਪਾਣੀ ਲਗਾਤਾਰ ਪਾਇਆ ਜਾ ਰਿਹਾ ਹੈ, ਇਸ ਨੂੰ ਤੁਰੰਤ ਬੰਦ ਕਰਵਾਇਆ ਜਾਵੇ ਜੀ। ਇਸ ਸਬੰਧ ਵਿੱਚ ਕਈ ਵਾਰ ਲਿਖਤੀ ਅਤੇ ਜਬਾਨੀ ਤੌਰ ਤੇ ਵੀ ਕਿਹਾ ਜਾ ਚੁੱਕਾ ਹੈ, ਪ੍ਰੰਤੂ ਫਿਰ ਵੀ ਉਨਾਂ ਵੱਲੋ ਹਾਲੇ ਤੱਕ ਗੰਦਾ ਪਾਣੀ ਰਜਵਾਹੇ ਵਿੱਚ ਪਾਉਣ ਤੋਂ ਬੰਦ ਨਹੀ ਕੀਤਾ ਗਿਆ।ਜਿਸ ਕਾਰਨ ਰਜਵਾਹੇ ਦੀ ਅੰਦਰੂਨੀ ਸਫਾਈ ਕਰਵਾਉਣ ਸਮੇਂ ਨਰੇਗਾ ਮਜਦੂਰ ਇਸ ਕੰਮ ਨੂੰ ਕਰਨ ਤੋਂ ਹਿਚਕਾਉਦੇ ਹਨ ਅਤੇ ਰਜਵਾਹੇ ਦੀ ਪੂਰੀ ਸਫਾਈ ਨਾ ਹੋਣ ਕਾਰਨ ਹਿੱਸੇਦਾਰਾਂ ਨੂੰ ਪੂਰਾ ਪਾਣੀ ਦੇਣ ਵਿੱਚ ਕਾਫੀ ਔਕੜ ਆਉਂਦੀ ਹੈ।ਇਸ ਤੋਂ ਇਲਾਵਾ ਇਸ ਪਾਣੀ ਦੀ ਵਰਤੋ ਇਸ ਰਜਵਾਹੇ ਦੇ ਦੋਵੇਂ ਪਾਸੇ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਵੱਲੋ ਪੀਣ ਵਾਸਤੇ ਅਤੇ ਜੀਵ ਜੰਤੂਆਂ/ਪਸੂਆਂ ਆਦਿ ਦੇ ਪੀਣ ਲਈ ਵੀ ਕੀਤੀ ਜਾਂਦੀ ਹੈ, ਰਜਬਾਹੇ ਵਿੱਚ ਸੀਵਰੇਜ਼ ਦਾ ਗੰਦਾ ਪਾਣੀ ਪਾਏ ਜਾਣ ਨਾਲ ਇਸ ਦੀ ਵਰਤੋ ਕਰਨ ਤੇ ਇਲਾਕੇ ਵਿੱਚ ਜਿੰਮੀਦਾਰਾਂ ਦੀਆਂ ਫਸਲਾਂ ਅਤੇ ਹੋਰ ਜਾਨੀ/ਮਾਲੀ ਨੁਕਸਾਨ ਹੋਣ ਦਾ ਵੀ ਖਦਸਾ ਹੈ। ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਕਾਰਜਕਾਰੀ ਇੰਜੀਨੀਅਰ, ਵਾਟਰ ਸਪਲਾਈ ਅਤੇ ਸੀਵਰੇਜ਼

ਚੱਲਦਾ ਪੰਨਾ-2-

ਮੰਡਲ ਸੰਗਰੂਰ ਨੂੰ ਬਰਨਾਲਾ ਰਜਬਾਹੇ ਵਿੱਚ ਗੰਦਾ ਪਾਣੀ ਪਾਉਣ ਤੋਂ ਰੋਕਣ ਦੇ ਸਖਤ ਅਦੇਸ਼ ਜਾਰੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ ।

ਨੱਥੀ/ਪੱਤਰ ਅਤੇ ਫੋਟੋਗ੍ਰਾਫਸ

ਨਿਗਰਾਨ ਇੰਜੀਨੀਅਰ
ਪਟਿਆਲਾ ਸਰਕਲ ਆਈ.ਬੀ.
ਪਟਿਆਲਾ।

ਸੀ.ਸੀ: 1. ਕਾਰਜਕਾਰੀ ਇੰਜੀਨੀਅਰ, ਸੰਗਰੂਰ ਮੰਡਲ ਆਈ.ਬੀ.ਸੰਗਰੂਰ ਨੂੰ ਉਨ੍ਹਾਂ ਦੇ ਦਫਤਰ ਦੇ ਪੱਤਰ ਨੰ: 4291-94 ਮਿਤੀ 11/06/2018 ਅਤੇ 1046-47 ਮਿਤੀ 05/10/2018 ਦੇ ਸਬੰਧ ਵਿੱਚ ਭੇਜ਼ ਕਿ ਹਦਾਇਤ ਕੀਤੀ ਜਾਦੀ ਹੈ ਕਿ ਇਸ ਮਾਮਲੇ ਸਬੰਧੀ ਚੇਅਰਮੈਨ ਪ੍ਰਦੂਸ਼ਣ ਕੰਟਰੋਲ ਬੋਰਡ ਪਟਿਆਲਾ ਜੀ ਦੇ ਨਾਲ ਨਿੱਜੀ ਪੱਧਰ ਤੇ ਤਾਲਮੇਲ ਕਰਕੇ ਗੰਦਾ ਪਾਣੀ ਰਜਵਾਹੇ ਵਿੱਚ ਨਾ ਪਾਉਣ ਦੇ ਯਤਨ ਕੀਤੇ ਜਾਣ।

2. ਸੀ.ਈ.ਓ. ਵਾਟਰ ਸਪਲਾਈ ਐਂਡ ਸੀਵਰੇਜ਼ ਬੋਰਡ, ਪੰਜਾਬ ਮਿਉਸੀਪਲ ਭਵਨ ਸੈਕਟਰ 35-ਏ ਚੰਡੀਗੜ੍ਹ ਨੂੰ ਉਕਤ ਵਿਸ਼ੇ ਸਬੰਧੀ ਤੁਰੰਤ ਯੋਗ ਕਾਰਵਾਈ ਕਰਨ ਹਿੱਤ ਭੇਜੀ ਜਾਂਦੀ ਹੈ ਜੀ।

3. ਨਿਗਰਾਨ ਇੰਜੀਨੀਅਰ ,ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਹਲਕਾ ਪਟਿਆਲਾ ਨੂੰ ਉਕਤ ਵਿਸ਼ੇ ਸਬੰਧੀ ਤੁਰੰਤ ਯੋਗ ਕਾਰਵਾਈ ਕਰਨ ਹਿੱਤ ਭੇਜੀ ਜਾਂਦੀ ਹੈ ।

4. ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਮੰਡਲ ਸੰਗਰੂਰ ਨੂੰ ਕਾਰਜਕਾਰੀ ਇੰਜੀਨੀਅਰ, ਸੰਗਰੂਰ ਮੰਡਲ ਆਈ.ਬੀ.ਸੰਗਰੂਰ ਦੇ ਦਫਤਰ ਦੇ ਪੱਤਰ ਨੰ: 4291-94 ਮਿਤੀ 11/06/2018 ਸਬੰਧੀ ਤੁਰੰਤ ਯੋਗ ਕਾਰਵਾਈ ਕਰਨ ਹਿੱਤ ਭੇਜੀ ਜਾਂਦੀ ਹੈ ।

CEO (busy) 11/12/18

19751
11/12/18

13/12

R.L. Put up Pl. 13/12

17/12/18

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ**
**ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ।**

ਪਿੱਠ ਅੰਕਣ ਨੰ: ਪਵਸਸਬ-2018/ਵ-3/ 23672 ਮਿਤੀ: 31/12/18

ਉਪਰੋਕਤ ਦੀ ਨਕਲ ਮੁੱਖ ਇੰਜੀਨੀਅਰ(ਪੂਰਵ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਵਿਸੇ ਅੰਕਿਤ ਮਾਮਲੇ ਤੇ ਲੋੜੀਂਦੀ ਕਾਰਵਾਈ ਕਰਦੇ ਹੋਏ ਵਿਸਥਾਰ ਪੂਰਵਕ ਰਿਪੋਰਟ ਸਬੰਧਤ ਵਿਭਾਗ ਨੂੰ ਭੇਜਦੇ ਹੋਏ ਰਿਪੋਰਟ ਇਸ ਦਫਤਰ ਨੂੰ ਵੀ ਭੇਜੀ ਜਾਵੇ।